


ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਮੁੱਖ ਸੰਪਾਦਕ ਸਰਬਜੋਤ ਸਿੰਘ ਖਾਲਸਾ | www.fatehtimesmedia.com | Email- fatehtimes1699@gmail.com

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਖਾਲਸਾ

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਬੁੱਧਵਾਰ 27 ਨਵੰਬਰ 2024 , ਨਾਨਕਸ਼ਾਹੀ 12 ਮੱਘਰ , ਸੰਮਤ 556 | ਸਾਲ: 3 , ਅੰਕ: 312 , ਪੰਨੇ: 4

## ਰੂਸ ਨੇ ਆਪਣੀ ਨਵੀਂ ਹਾਈਪਰਸੋਨਿਕ ਮਿਜ਼ਾਈਲ "ਓਰੇਸ਼ਨਿਕ" ਤਾਇਨਾਤ ਕੀਤੀ

ਫਤਿਹ ਟਾਈਮਜ਼



ਨਵੀਂ ਦਿੱਲੀ, 26 ਨਵੰਬਰ (ਫ.ਟ.ਬ) ਯੂਕਰੇਨ ਨੇ ਅਮਰੀਕੀ ਲੰਬੀ ਦੂਰੀ ਦੀ ਮਿਜ਼ਾਈਲ ਨਾਲ ਰੂਸ ਦੇ ਕੁਰਸਕ ਇਲਾਕੇ 'ਤੇ ਹਮਲਾ ਕੀਤਾ ਹੈ। ਜਵਾਬ ਵਿੱਚ, ਰੂਸ ਨੇ ਆਪਣੀ ਨਵੀਂ ਹਾਈਪਰਸੋਨਿਕ ਮਿਜ਼ਾਈਲ "ਓਰੇਸ਼ਨਿਕ" ਤਾਇਨਾਤ ਕੀਤੀ ਹੈ। ਹੁਣ ਇਹ ਮਿਜ਼ਾਈਲ ਰਾਸ਼ਟਰਪਤੀ ਪੁਤਿਨ ਦੇ ਹੁਕਮਾਂ ਦੀ ਉਡੀਕ ਕਰ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਰੂਸ ਅਗਲੇ 24 ਘੰਟਿਆਂ 'ਚ ਇਸ ਦੀ ਵਰਤੋਂ ਕਰ ਸਕਦਾ ਹੈ। ਰੂਸ ਦੀ "ਓਰੇਸ਼ਨਿਕ" ਮਿਜ਼ਾਈਲ ਨਾ ਸਿਰਫ ਆਪਣੀ ਫੌਜੀ ਤਾਕਤ ਦਾ ਪ੍ਰਦਰਸ਼ਨ ਹੈ, ਸਗੋਂ ਪੱਛਮੀ ਅਤੇ "ਓਰੇਸ਼ਨਿਕ" ਮਿਜ਼ਾਈਲ ਦੀ ਤਾਕਤ ਇੰਨੀ ਮਜ਼ਬੂਤਹੈ ਕਿ ਇਹ ਨਾ ਸਿਰਫ਼ ਯੂਕਰੇਨ ਸਗੋਂ ਯੂਰਪ ਦੇ 16 ਦੇਸ਼ਾਂ 'ਚ ਫੈਲੇ 44 ਨਾਟੋ ਦੇਸ਼ਾਂ ਨੂੰ ਵੀ ਨਿਸ਼ਾਨਾ ਬਣਾ ਸਕਦੀ ਹੈ। ਇਨ੍ਹਾਂ ਵਿੱਚ ਪੋਲੈਂਡ, ਜਰਮਨੀ, ਰੋਮਾਨੀਆ, ਇਟਲੀ, ਬੈਲਜੀਅਮ ਅਤੇ ਇੰਗਲੈਂਡ ਵਰਗੇ ਮਹੱਤਵਪੂਰਨ ਨਾਟੋ ਬੇਸ ਸ਼ਾਮਲ ਹਨ। ਪੁਤਿਨ ਪਹਿਲਾਂ ਹੀ ਚਿਤਾਵਨੀ ਦੇ ਚੁੱਕੇ ਹਨ ਕਿ ਜੇਕਰ ਰੂਸ ਦੀ ਸਰਹੱਦ 'ਤੇ ਕਿਸੇ ਵੀ ਦੇਸ਼ ਨੇ ਲੰਬੀ ਦੂਰੀ ਦੇ ਹਥਿਆਰਾਂ ਦੀ ਵਰਤੋਂ ਕੀਤੀ ਤਾਂ ਉਹ ਜਵਾਬੀ ਕਾਰਵਾਈ ਕਰਨ 'ਚ ਦੇਰੀ ਨਹੀਂ ਕਰੇਗਾ। ਹੁਣ "ਓਰੇਸ਼ਨਿਕ" ਦੀ ਤਾਇਨਾਤੀ ਪੱਛਮੀ ਦੇਸ਼ਾਂ ਲਈ ਵੱਡੀ ਚੁਣੌਤੀ ਬਣ ਗਈ ਹੈ।

## ਜੋ ਬੀਜੋਗੇ ਉਹੀ ਵੱਢਣਾ ਪੈਣਾ।

### ਸਰਬਜੋਤ ਸਿੰਘ ਖਾਲਸਾ

ਫਤਿਹ ਟਾਈਮਜ਼ ਸੰਪਾਦਕੀ

ਉਸ ਅਕਾਲ ਪੁਰਖ ਨੇ ਜੋ ਇਹ ਦੁਨੀਆਂ ਬਣਾਈ ਹੈ ਉਹ ਬੜੀ ਹੀ ਪ੍ਰੈਕਟੀਕਲ ਹੈ ਏਥੇ ਜਿਹੜਾ ਕਿਸਾਨ ਜਿਵੇਂ ਜੋ ਬੀਜਦਾ ਉਹੀ ਵੱਢਦਾ ਹੈ । ਉਵੇਂ ਹੀ ਇਸ ਸਮਾਜ ਨੂੰ ਜੋ ਵੀ ਕੋਈ ਵਿਅਕਤੀ ਦਿੰਦਾ ਹੈ ਉਹੀ ਉਸ ਨੂੰ ਵਾਪਸ ਮਿਲਦਾ ਹੈ। ਜਿਸ ਨੇ ਕਿਸੇ ਦੇ ਗੋਲੀ ਮਾਰੀ ਹੈ ਸਮਾਂ ਅਜਿਹਾ ਦਿਨ ਵੀ ਲਿਆ ਦਿੰਦਾ ਕਿ ਉਸ ਵਿਅਕਤੀ ਦੇ ਵੀ ਗੋਲੀ ਹੀ ਵੱਜਦੀ ਹੈ। ਜਿਹੜਾ ਕਿਸੇ ਨਾਲ ਫਰੇਬ ਤੇ ਮੱਕਾਰੀ ਕਰਦਾ ਉਸ ਨਾਲ ਵੀ ਇੱਕ ਦਿਨ ਫਰੇਬ ਤੇ ਮੱਕਾਰੀ ਹੀ ਹੁੰਦੀ ਹੈ । ਕੁਝ ਲੋਕ ਜੋ ਦੂਜਿਆ ਨਾਲ ਈਰਖਾ ਤੇ ਸਾੜਾ ਕਰਦੇ ਹਨ ਉਹਨਾਂ ਨੂੰ ਵੀ ਬਦਲੇ ਵਿਚ ਸਮਾਜ ਕੋਲੋਂ ਈਰਖਾ ਹੀ ਮਿਲਦੀ ਹੈ । ਇਹ ਗੱਲ ਪੱਥਰ ਤੇ ਲਕੀਰ ਹੈ ਕਿ ਜੋ ਸਮਾਜ ਨੂੰ ਦੇਵੋਗੇ ਉਹੀ ਵਾਪਸ ਮਿਲਣਾ । ਫਿਰ ਭਾਵੇਂ ਤੁਸੀ ਜਿੰਨੀਆਂ ਮਰਜੀਆਂ ਚਲਾਕੀਆਂ ਕਰ ਲਵੋ ਤੇ ਭਾਂਵੇ ਚਾਲਾਂ ਚੱਲ ਲਵੋ ਉਹੀ ਕੁਝ ਤੁਹਾਡੇ ਲਏ ਵੀ ਕਿਤੇ ਨਾ ਕਿਤੇ ਤਿਆਰ ਹੋ ਰਿਹੈ।

FT
ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL

ਮਿਆਰੀ ਖਬਰਾਂ ਦੇਖਣ ਲਈ
fatehtimes channel
ਨੂੰ ਜਰੂਰ ਸਬਸਕਰਾਈਬ ਕਰੋ।
ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

LIC
ਭਾਰਤੀਯ ਜੀਵਨ ਬੀਮਾ ਨਿਗਮ
LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ
ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਂਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।
ਡੈਂਥ ਕਲੇਮ,ਮਚਿਊਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575
ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ
ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

## ਲੋਕਲ ਲੀਡਰਾਂ ਵਾਸਤੇ ਚਿੰਤਾ ਦਾ ਵਿਸ਼ਾ ਬਣਿਆ ਸਾਬਕਾ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ - ਰਮਨ ਕੁਮਾਰ ਸ਼ਰਮਾ

ਫਤਿਹ ਟਾਈਮਜ਼



ਪੱਟੀ, 26 ਨਵੰਬਰ (ਹਰਭਜਨ ਸਿੰਘ) ਕੈਰੋਂ ਟੀਮ ਦੇ ਆਗੂ ਰਮਨ ਕੁਮਾਰ ਸ਼ਰਮਾ ਨੇ ਕਿਹਾ ਕਿ ਸਰਦਾਰ ਅਦੇਸ਼ ਪ੍ਰਤਾਪ ਸਿੰਘ ਕੈਰੋਂ ਜੀ ਨੇ ਕੌਮ ਨੂੰ ਮੁੱਖ ਰੱਖਦਿਆਂ ਹੋਇਆ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਮਦਦ ਕੀਤੀ ਅਤੇ ਕੈਰੋ ਪਰਿਵਾਰ ਜਿਸ ਪਾਰਟੀ ਨੂੰ ਸਮਰਥਨ ਦੇਣਗੇ ਉਹ ਪਾਰਟੀ ਇਕੱਲੇ ਪੱਟੀ ਹਲਕੇ ਵਿੱਚ ਨਹੀਂ ਪੂਰੇ ਪੰਜਾਬ ਵਿੱਚ ਮਜਬੂਤ ਹੋਵੇਗੀ। ਅਜੇ ਕੈਰੋਂ ਨੇ ਕਿਸੇ ਪਾਰਟੀ ਨੂੰ ਸਮਰਥਨ ਨਹੀਂ ਦਿੱਤਾ ਤੇ ਲੋਕਲ ਲੀਡਰਾਂ ਨੂੰ ਪਹਿਲਾਂ ਹੀ ਚਿੰਤਾ ਪੈ ਗਈ ਹੈ ਅੱਜ ਵੀ ਪੰਜਾਬ ਦੇ ਕਿਸਾਨ ਅਤੇ ਗਰੀਬ ਵਰਗ ਦੇ ਲੋਕ ਅੱਜ ਵੀ ਕੈਰੋ ਦੇ ਕੰਮਾਂ ਨੂੰ ਯਾਦ ਕਰਦੇ ਹਨ।ਸ੍ਰ  ਕੈਰੋਂ ਆਪਣੇ ਪੱਟੀ ਹਲਕੇ ਦੇ ਲੋਕਾਂ ਦਾ ਹਰ ਦੁੱਖ ਸੁੱਖ ਸਾਂਝਾ ਕਰਦੇ ਹਨ।

## ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਡੀ ਸੀ ਦਫ਼ਤਰਾਂ ਅੱਗੇ ਧਰਨਾ ਅਤੇ ਅੰਦਲੋਨਕਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ: ਸੁਲੱਖਣ ਸਿੰਘ ਮੰਡਾਲਾ

ਫਤਿਹ ਟਾਈਮਜ਼



ਮੀਆਂਵਿੰਡ, 26 ਨਵੰਬਰ (ਸਰਬਜੀਤ ਸਿੰਘ ਮੀਆਵਿੰਡ) ਅੱਜ ਸੁੰਯਕਤ ਕਿਸਾਨ ਮੋਰਚੇ ਦੀ ਕਾਲ ਤੇ ਇਤਿਹਾਸਕ ਅੰਦਲੋਨ ਦੀ ਚੌਥੀ ਵਰ੍ਹੇਗੰਢ ਮੌਕੇ ਤੇ ਵੱਖ ਵੱਖ ਕਿਸਾਨ ਜਥੇਬੰਦੀਆਂ ਅਤੇ ਟ੍ਰੇਡ ਯੂਨੀਅਨਾਂ ਦੇ ਆਗੂਆਂ ਵੱਲੋਂ ਅੰਦੋਲਨ ਦੇ ਦੌਰਾਨ ਸ਼ਹੀਦ ਹੋਏ ਕਿਸਾਨ ਮਜ਼ਦੂਰਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਅਤੇ ਨਾਲ ਹੀ ਇਹ ਪ੍ਰਣ ਕੀਤਾ ਕਿ ਜੋ ਵੀ ਕਾਰਜ ਅਜੇ ਅਧੂਰੇ ਨੇ ਜਿਨ੍ਹਾਂ ਨੂੰ ਲੈਕੇ ਦਿੱਲੀ ਅੰਦੋਲਨ ਚੱਲਿਆ ਸੀ ਉਹ ਸਾਰੇ ਕਾਰਜ ਪੂਰੇ ਹੋਣ ਤੱਕ ਸੰਘਰਸ਼ ਜਾਰੀ ਰਹੇਗਾ ਇਹਨਾਂ ਸ਼ਬਦਾਂ ਦੀ ਸਾਂਝ ਪਾਈ ਸ੍ਰ ਗੁਰਬਾਜ ਸਿੰਘ ਸਿਧਵਾਂ, ਦਲੇਰ ਸਿੰਘ ਰਾਜੋਕੇ ਸ੍ਰ ਸੁੱਚਾ ਸਿੰਘ ਪੱਟੀ ਸ੍ਰ ਸਰਬਜੀਤ ਸਿੰਘ ਦੀਨੇਵਾਲ ਸ੍ਰ ਸੰਤੋਖ ਸਿੰਘ ਪੱਟੀ ਸ੍ਰ ਕਸ਼ਮੀਰ ਸਿੰਘ ਲਹੋਕਾ ਸ੍ਰ ਸੋਹਣ ਸਿੰਘ ਸਭਰਾਅ ਸ੍ਰ ਸੁਖਵੰਤ ਸਿੰਘ ਵਲਟੋਹਾ ਸ੍ਰ ਤਰਸੇਮ ਸਿੰਘ ਕੋਹਾੜਕਾ ਸ੍ਰ ਹਰਦੀਪ ਸਿੰਘ ਜੋੜਾਂ ਸ੍ਰ ਮੇਹਰ ਸਿੰਘ ਸਖੀਰਾ ਸ੍ਰ ਹਰਚਰਨ ਸਿੰਘ ਲਹੋਕਾ ਸ੍ਰ ਇੰਦ੍ਰਜੀਤ ਸਿੰਘ ਮਾੜੀਮੇਘਾ ਸ੍ਰ ਹਰਪਾਲ ਸਿੰਘ ਦੀਨੇਵਾਲ ਸ੍ਰ ਹਰਜਿੰਦਰ ਸਿੰਘ ਦੀਨੇਵਾਲ ਸ੍ਰ ਬਲਕਾਰ ਸਿੰਘ ਮੰਡਾਲਾ ਸ੍ਰ ਜਸਵੰਤ ਸਿੰਘ ਸੋਹਲ ਸ੍ਰ ਦਿਲਬਾਗ ਸਿੰਘ ਐਮੇ ਕਲਾਂ ਸ੍ਰ ਪਿਰਥੀਪਾਲ ਸਿੰਘ ਦੂਲ ਸ੍ਰ ਗੁਰਪ੍ਰੀਤ ਸਿੰਘ ਕਿਰਤੋਵਾਲ ਸ੍ਰ ਮੰਗਲ ਸਿੰਘ ਨਾਗੋਕੇ ਸ੍ਰ ਜਸਵਿੰਦਰ ਸਿੰਘ ਮੀਆਂ ਵਿੰਡ ਸ੍ਰ ਸਤਿਬੀਰ ਸਿੰਘ ਕੋਟਲੀ ਆਦਿ ਆਗੂ ਹਾਜ਼ਰ ਹੋਏ।

# ਸਿਵਿਲ ਸਰਜਨ ਤਰਨ ਤਾਰਨ ਵੱਲੋਂ ਕੁਸ਼ਟ ਰੋਗ ਕਲੋਨੀ ਦਾ ਦੌਰਾ ਕੀਤਾ



ਫਤਿਹ ਟਾਈਮਜ਼

ਚੋਹਲਾ ਸਾਹਿਬ, 26 ਨਵੰਬਰ (ਸਨਦੀਪ ਸਿੱਧੂ, ਪਰਮਿੰਦਰ ਚੋਹਲਾ ) ਜ਼ਿਲਾ ਤਰਨ ਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਵੱਲੋਂ ਵੱਧ ਰਹੀ ਠੰਡ ਨੂੰ ਧਿਆਨ ਵਿੱਚ ਰੱਖਦਿਆਂ ਸਥਾਨਕ ਕੁਸ਼ਟ ਰੋਗ ਕਲੋਨੀ ਦਾ ਦੌਰਾ ਕਰਕੇ ਮੁਫਤ ਦਵਾਈਆਂ ਉਨੀ ਕੱਪੜੇ ਅਤੇ ਹੋਰ ਘਰੇਲੂ ਵਰਤੋਂ ਵਿੱਚ ਆਉਣ ਵਾਲੇ ਸਮਾਨ ਨੂੰ ਵੰਡਿਆ ਇਸ ਮੌਕੇ ਉਹਨਾਂ ਦੇ ਨਾਲ ਜ਼ਿਲਾ ਐਪੀਡਮੋਲੋਜਿਸਟ ਡਾਕਟਰ ਸਿਮਰਨ ਕੌਰ ਅਤੇ ਮਲਟੀਪਰਪਜ ਹੈਲਥ ਸੁਪਰਵਾਈਜ਼ਰ (ਮੇਲ) ਕਾਰ ਸਿੰਘ ਵੀ ਮੌਜੂਦ ਰਹੇ। ਇਸ ਮੌਕੇ ਕੁਸ਼ਟ ਰੋਗ ਕਲੋਨੀ ਦੇ ਵਸਨੀਕਾਂ ਨੂੰ ਸੰਬੋਧਨ ਕਰਦਿਆਂ ਸਿਵਿਲ ਸਰਜਨ ਡਾਕਟਰ ਰਾਏ ਨੇ ਠੰਡ ਦੇ ਸ਼ੁਰੂਆਤੀ ਦੌਰ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਬਾਰੇ ਗੱਲਬਾਤ ਕੀਤੀ। ਉਹਨਾਂ ਕਿਹਾ ਕਿ ਦਿਨੋ ਦਿਨ ਠੰਡ ਵੱਧ ਰਹੀ ਹੈ ਅਤੇ ਅੱਜ ਕੱਲ ਬੁਖਾਰ ਨਜ਼ਲਾ ਜੁਕਾਮ ਦੇ ਮਾਮਲੇ ਕਾਫੀ ਸਾਹਮਣੇ ਆ ਰਹੇ ਹਨ ਪਰ ਜੇਕਰ ਅਸੀਂ ਠੰਡ ਦੇ ਪ੍ਰਭਾਵ ਬਾਰੇ ਸਾਵਧਾਨ ਰਹਾਂਗੇ ਤਾਂ ਇਹਨਾਂ ਬਿਮਾਰੀਆਂ ਤੋਂ ਬਚ ਸਕਾਂਗੇ। ਉਹਨਾਂ ਦੱਸਿਆ ਕਿ ਵਿਭਾਗ ਵੱਲੋਂ ਕੁਸ਼ਟ ਰੋਗ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਜਿਸ ਅਧੀਨ ਕੁਸ਼ਤ ਰੋਗ ਤੋਂ ਪੀੜਿਤ ਵਿਅਕਤੀਆਂ ਦਾ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ। ਡਾਕਟਰ ਆਏ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਮੇਂ ਸਮੇਂ ਸਿਰ ਕੁਸ਼ਟ ਰੋਗ ਕਲੋਨੀ ਦਾ ਦੌਰਾ ਕਰਕੇ ਵਿਭਾਗ ਵੱਲੋਂ ਚਲਾਈ ਜਾ ਰਹੀ ਵੱਖ-ਵੱਖ ਸਿਹਤ ਪ੍ਰੋਗਰਾਮਾਂ ਪ੍ਰਤੀ ਜਾਗਰੂਕਤਾ ਫੈਲਾਈ ਜਾਂਦੀ ਹੈ ਤਾਂ ਜੋ ਕਲੋਨੀ ਦੇ ਵਸਨੀਕ ਇਹਨਾਂ ਪ੍ਰੋਗਰਾਮਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ।

# ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਵਿਖੇ ਬਜਟ ਵਿਸ਼ੇ ਤੇ ਸੈਮੀਨਾਰ ਦਾ ਆਯੋਜਿਤ

ਫਤਿਹ ਟਾਈਮਜ਼




ਚੋਹਲਾ ਸਾਹਿਬ, 26 ਨਵੰਬਰ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਦੇ ਅਰਥਸ਼ਾਸਤਰ ਵਿਭਾਗ ਵੱਲੋਂ ਕਾਲਜ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਬਜਟ ਸਬੰਧੀ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਜਿਸ ਵਿਚ ਸ੍ਰ। ਗੁਰਦਿਆਲ ਸਿੰਘ ਮੀਤ ਸਕੱਤਰ ਵਿੱਦਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸ੍ਰ ਮਨਿੰਦਰਮੋਹਨ ਸਿੰਘ ਇੰਟਰਨਲ ਆਡੀਟਰ ਵਿਦਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਤੌਰ ਵਿਸ਼ੇਸ਼ ਮਹਿਮਾਨ ਅਤੇ ਬੁਲਾਰੇ ਵਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ। ਕੁਲਵਿੰਦਰ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਬਜਟ ਦੀ ਅਹਿਮੀਅਤ ਤੋਂ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਕਾਲਜ ਦੇ ਪ੍ਰੋ ਬਲਜਿੰਦਰ ਸਿੰਘ ਵੱਲੋਂ ਵਿਦਿਆਰਥੀਆਂ ਨਾਲ ਆਮ ਬੱਜਟ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਸ੍ਰ ਮਨਿੰਦਰਮੋਹਨ ਸਿੰਘ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਸਬੰਧੀ ਵਿਦਿਆਰਥੀਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਦੇ ਵੱਖ-ਵੱਖ ਮੱਦਾਂ ਬਾਰੇ ਜਾਣਕਾਰੀ ਦਿੱਤੀ। ਗੁਰਦਿਆਲ ਸਿੰਘ ਨੇ ਅਜਿਹਾ ਪ੍ਰੋਗਰਾਮ ਉਲੀਕਣ ਲਈ ਕਾਲਜ ਪ੍ਰਿੰਸੀਪਲ ਅਤੇ ਸਟਾਫ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਵੱਖ-ਵੱਖ ਕਾਰਜਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ। ਕਾਲਜ ਦੇ ਪ੍ਰੋ. ਹਿੰਮਤ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਅੰਤ ਵਿੱਚ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਵੱਲੋਂ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਕਾਲਜ ਦਾ ਸਮੁੱਚਾ ਹਾਜ਼ਰ ਸੀ।

# ਜਿਮਨੀ ਚੋਣਾਂ ਚ ਜਿੱਤ ਨੇ ਸਾਬਤ ਕੀਤਾ ਲੋਕ ਆਪ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ - ਵਿਪਿਨ ਕੁਮਾਰ

ਫਤਿਹ ਟਾਈਮਜ਼



ਪੱਟੀ, 26 ਨਵੰਬਰ (ਹਰਭਜਨ ਸਿੰਘ) ਭਲਾਈ ਹਿੱਤ ਲਏ ਜਾ ਰਹੇ ਫੈਸਲਿਆਂ ਕਾਰਨ ਸੰਭਵ ਸੂਬੇ ਦੇ ਚਾਰ ਵਿਧਾਨ ਸਭਾ ਹਲਕਿਆਂ ਚ ਹੋਈਆਂ ਜਿਮਨੀ ਚੋਣਾਂ ਚ ਆਮ ਆਦਮੀ ਪਾਰਟੀ ਦੇ ਤਿੰਨ ਉਮੀਦਵਾਰਾਂ ਦੀ ਹੋਈ ਬੇਮਿਸਾਲ ਜਿੱਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕ ਆਪ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹਨ।
ਇਹ ਪ੍ਰਗਟਾਵਾ ਖੁਸ਼ੀ ਚ ਖੀਵੇ ਹੋਏ ਆਮ ਆਦਮੀ ਪਾਰਟੀ ਪੱਟੀ ਹਲਕਾ ਯੂਥ ਪ੍ਰਧਾਨ ਵਿਪਿਨ ਕੁਮਾਰ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਆਸਤ ਦੇ ਇਤਿਹਾਸ ਚ ਪਹਿਲੀ ਵਾਰ ਹੋਇਆ ਹੈ ਕੋਈ ਸਿਆਸੀ ਪਾਰਟੀ 94 ਸੀਟਾਂ ਦੀ ਬਹੁਮਤ ਨਾਲ ਸੂਬੇ ਦੀ ਸੱਤਾ ਤੇ ਬਿਰਾਜਮਾਨ ਹੈ। ਇਹ ਸਭ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬਾ ਵਾਸੀਆਂ ਦੀ ਹੋਇਆ ਹੈ। ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ, ਚੱਬੇਵਾਲ ਅਤੇ ਗਿੱਦੜਬਾਹਾ ਤੋਂ ਆਪ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ, ਡਾ. ਇਸਾਂਕ ਤੇ ਹਰਦੀਪ ਸਿੰਘ ਡਿੰਪੀ ਦੇ ਹੱਕ ਚ ਵੋਟਰਾਂ ਵੱਲੋਂ ਦਿੱਤੇ ਫਤਵੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕ ਆਪ ਸਰਕਾਰ ਦੇ ਫੈਸਲਿਆਂ ਤੇ ਨੀਤੀਆਂ ਤੋਂ ਖੁਸ਼ ਹਨ। ਐਮੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚੋਣਾਂ ਸਮੇ ਸੂਬਾ ਵਾਸੀਆਂ ਵੱਲੋਂ ਕੀਤੇ ਵਾਅਦਿਆਂ ਨੂੰ ਇਕ ਇਕ ਕਰਕੇ ਪੂਰਾ ਕੀਤਾ ਜਾ ਰਿਹਾ ਹ, ਜਿਸ ਕਾਰਨ ਲੋਕ ਬਾਗੋ ਬਾਗ ਹਨ। ਇਸੇ ਕਰਕੇ ਹੀ ਜਿਮਨੀ ਚੋਣਾਂ ਚ ਵੋਟਰਾਂ ਨੇ ਕਾਂਗਰਸ ਅਤੇ ਭਾਜਪਾ ਦੇ ਦਿੱਗਜ ਆਗੂਆਂ ਨੂੰ ਨਕਾਰਦੇ ਹੋਏ ਆਮ ਆਦਮੀ ਪਾਰਟੀ ਦੇ ਹੱਕ ਚ ਫਤਵਾ ਦਿੱਤਾ ਹੈ।

# ਸਾਬਕਾ ਵਿਧਾਇਕ ਬ੍ਰਹਮਪੁਰਾ ਨੇ ਸਵ: ਅਵਤਾਰ ਸਿੰਘ ਕੱਦਗਿੱਲ ਦੇ ਦੇਹਾਂਤ 'ਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

ਫਤਿਹ ਟਾਈਮਜ਼



ਤਰਨ ਤਾਰਨ, 26 ਨਵੰਬਰ (ਐਸ ਐਸ ਸੰਧਾ) ਅੱਜ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਖਡੂਰ ਦੇ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਆਪਣੇ ਹਲਕੇ ਖਡੂਰ ਸਾਹਿਬ ਦੇ ਪਿੰਡ ਕੱਦ ਦੇ ਵਾਸੀ ਸਵ: ਅਵਤਾਰ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਆਪਣੀ ਇਸ ਫ਼ੇਰੀ ਦੌਰਾਨ, ਉਨ੍ਹਾਂ ਦਿਲੋਂ ਆਪਣੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਸਾਰੇ ਪਰਿਵਾਰਕ ਮੈਂਬਰਾਂ ਨਾਲ ਆਪਣਾ ਦੁੱਖ ਸਾਂਝਾ ਕੀਤਾ। ਇਸ ਮੌਕੇ ਸਵ: ਅਵਤਾਰ ਸਿੰਘ ਜੀ ਦੇ ਭਰਾ ਸਰਪੰਚ ਜਸਵੰਤ ਸਿੰਘ ਜੱਟਾ, ਜਗਤਾਰ ਸਿੰਘ ਅਤੇ ਲਖਵਿੰਦਰ ਸਿੰਘ ਸੰਮਤੀ ਮੈਂਬਰ, ਬਲਜਿੰਦਰ ਸਿੰਘ ਕੱਦ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰ ਸਮੇਤ ਉਨ੍ਹਾਂ ਦੇ ਸਪੁੱਤਰਾਂ ਗੁਲਸ਼ਨਜੀਤ ਸਿੰਘ ਅਤੇ ਗੁਰਿੰਦਰਬੀਰ ਸਿੰਘ ਨਾਲ ਵਿਸ਼ੇਸ਼ ਤੌਰ 'ਤੇ ਆਪਣੀ ਸੰਵੇਦਨਾ ਅਤੇ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਵਿਛੜੀ ਰੂਹ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਮੁੱਚੇ ਇਲਾਕੇ ਅਤੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਸ੍ਰ. ਬ੍ਰਹਮਪੁਰਾ ਨੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ। ਇਸ ਮੌਕੇ, ਸਾਬਕਾ ਵਿਧਾਇਕ ਬ੍ਰਹਮਪੁਰਾ ਨੇ ਆਪਣੇ ਹਲਕੇ ਖਡੂਰ ਸਾਹਿਬ ਦੇ ਲੋਕਾਂ ਦੀ ਸੇਵਾ ਕਰਨ ਲਈ ਆਪਣੀ ਅਟੱਲ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਦੁੱਖੀ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਲਈ ਹਾਜ਼ਰ ਹਨ। ਉਨ੍ਹਾਂ ਕਿਹਾ ਕਿ ਮੈਂ ਖਡੂਰ ਸਾਹਿਬ ਦੇ ਲੋਕਾਂ ਦੀ ਸੇਵਾ ਹਮੇਸ਼ਾ ਇੱਕ ਨਿਮਾਣੇ ਸੇਵਾਦਾਰ ਦੀ ਤਰ੍ਹਾਂ ਕਰਦਾ ਰਹਾਂਗਾ ਅਤੇ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਹਮੇਸ਼ਾ ਖੜਾਂ ਰਹਾਂਗਾ।

ਖੁਸ਼ੀਆਂ ਸਾਂਝੀਆਂ ਕਰੋ

ਜਨਮ ਦਿਨ ਮੁਬਾਰਕ,
ਵਿਆਹ ਦੀ ਵਰੇਗੰਡ ਲਗਵਾਉਣ
ਲਈ ਇਸ ਈਮੇਲ ਤੇ ਭੇਜੋ
fatehtimes1699@gmail.com

FT ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ
fatehtimes channel
ਨੂੰ ਜਰੂਰ ਸਬਸਕਰਾਈਬ
ਕਰੋ।
ਫਤਿਹ ਟਾਈਮਜ਼ ਚੈਂਨਲ
ਤੇ ਖਬਰਾਂ ਅਤੇ ਇਸ਼ਤਿਹਾਰ
ਦੇਣ ਲਈ ਸੰਪਰਕ ਕਰੋ
ਮੋ; 99885-37575

Editor,Owner and Publisher Sarbjot Singh Khalsa on behalf of Fateh Times online news and media company Regd:PB22000167, Published from Fateh Times H/O Mankdeka Road , Fatehabad, Tarntaran, Punjab - 143407
(ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜ਼ਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।)

FT

ਹੱਕ ਸੱਚ ਦੀ ਆਵਾਜ਼

ਫਤਿਹ ਟਾਈਮਜ਼

CHANNEL

ਮਿਆਰੀ ਖਬਰਾਂ ਦੇਖਣ ਲਈ
fatehtimes channel
ਨੂੰ ਜਰੂਰ ਸਬਸਕਰਾਈਬ
ਕਰੋ।

ਫਤਿਹ ਟਾਈਮਜ਼ ਚੈਂਨਲ
ਤੇ ਖਬਰਾਂ ਅਤੇ ਇਸ਼ਤਿਹਾਰ
ਦੇਣ ਲਈ ਸੰਪਰਕ ਕਰੋ
ਮੋ; 99885-37575